# ਪੰਜਾਬ ਸਰਕਾਰ
## ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ।

ਸੇਵਾ ਵਿਚ

ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਮੀਮੋ ਨੰਬਰ ਐਸ.ਏ.(ਬਜਟ/ਫੰਡ)-ਬੀ.ਜੀ-1/5/(234)-2017/150
ਮਿਤੀ ਚੰਡੀਗੜ੍ਹ:23.03.2017

ਵਿਸ਼ਾ : **ਖੁਰਾਕ ਜਿਨਸਾਂ ਦੀ ਢੋਆ-ਢੁਆਈ ਅਤੇ ਸਟੋਰੇਜ਼ ਕੇਂਦਰਾਂ ਲਈ ਲੇਬਰ/ਕਾਰਟੇਜ਼ ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਕੰਮ ਦੀ ਠੇਕਾ ਪੂਰਤੀ ਸਾਲ 2017-18 ਸਬੰਧੀ ਜਾਰੀ ਪਾਲਿਸੀ ਹਦਾਇਤਾਂ ਸਬੰਧੀ।**

**ਸੋਧ ਪੱਤਰ**

ਹਵਾਲਾ ਮੁੱਖ ਦਫਤਰ ਦਾ ਪੱਤਰ ਮੀਮੋ ਨੰ: ਐਸ.ਏ.(ਬ/ਫ)ਬੀ.ਜੀ.5 (234)-2017/ 80 ਮਿਤੀ 28.02.2017 ਅਤੇ ਨੰ: ਐਸ.ਏ.(ਬ/ਫ)ਬੀ.ਜੀ.1 (234)-2017/ 81 ਮਿਤੀ 28.02.2017 ਅਤੇ ਬਾਅਦ ਵਿੱਚ ਜਾਰੀ ਹੋਏ ਸੋਧ ਪੱਤਰ ਐਸ.ਏ.(ਬ/ਫ)ਬੀ.ਜੀ.1/5 (234)-2017/ 130-33 ਮਿਤੀ 18.03.2017, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2- ਉਪਰੋਕਤ ਪੱਤਰਾਂ ਰਾਹੀਂ ਸਾਲ 2017-18 ਦੌਰਾਨ ਖੁਰਾਕ ਜਿਨਸਾਂ ਦੀ ਢੋਆ-ਢੁਆਈ, ਸਟੋਰੇਜ਼ ਪੁਆਇੰਟ (ਓਪਨ ਪਲਿੰਥ ਅਤੇ ਕਵਰਡ ਗੁਦਾਮਾਂ) ਅਤੇ ਪੀ.ਈ.ਜੀ. ਗੁਦਾਮਾਂ ਤੇ ਲੇਬਰ ਦੇ ਕੰਮ ਦੀ ਠੇਕਾ ਪੂਰਤੀ ਲਈ ਜਾਰੀ ਪਾਲਿਸੀ ਗਾਈਡ ਲਾਈਨਜ਼/ਹਦਾਇਤਾਂ ਹੇਠ ਅਨੁਸਾਰ ਲੋੜੀਦੀ ਤਜਰਬੇ ਦੀਆਂ ਕਲਾਜ਼ਾਂ ਨੂੰ ਖਤਮ/ਰੱਦ ਕਰਨ ਲਈ ਅੰਸ਼ਿਕ ਸੋਧ ਕੀਤੀ ਜਾਂਦੀ ਹੈ ਅਤੇ ਹੁਣ ਇਨ੍ਹਾਂ ਕਲਾਜ਼ਾਂ ਨੂੰ ਹੇਠ ਅਨੁਸਾਰ ਪੜ੍ਹਿਆ ਜਾਵੇ :-

**ਢੋਆ ਢੁਆਈ ਦੀਆਂ ਪਾਲਿਸੀ ਹਦਾਇਤਾਂ**

**ਕਲਾਜ ਨੰ: 24 (ii)** ਟੈਂਡਰਕਾਰ ਨੂੰ ਟੈਕਨੀਕਲ ਬਿੱਡ ਵਿੱਚ ਪੂਰਨ ਯੋਗਤਾ ਲਈ ਟਰੱਕਾਂ ਦੀ ਸੂਚੀ ਅਤੇ ਪੈਨ ਨੰਬਰ ਅਪਲੋਡ ਕਰਨਾ ਲਾਜਮੀ ਹੋਵੇਗਾ। ਟੈਂਡਰਕਾਰ ਨੂੰ ਆਪਣਾ ਨਿੱਜੀ ਈ.ਮੇਲ ਆਈ.ਡੀ. ਅਤੇ ਮੋਬਾਇਲ ਨੰਬਰ ਵੀ ਅਪਲੋਡ ਕਰਨਾ ਲਾਜਮੀ ਹੋਵੇਗਾ ਜਿਸ ਰਾਹੀਂ ਉਸ ਨਾਲ ਈ.ਮੇਲ/ਐਸ.ਐਮ.ਐਸ. ਰਾਹੀਂ ਤੁਰੰਤ ਸੰਪਰਕ ਕੀਤਾ ਜਾ ਸਕੇ।

**ਕਲਾਜ਼ ਨੰ: 24 (iii)** ਖਤਮ ਕੀਤੀ ਜਾਂਦੀ ਹੈ।

**ਲੇਬਰ ਅਤੇ ਕਾਰਟੇਜ਼ ਅਤੇ ਪੀ.ਈ.ਜੀ ਦੀਆਂ ਪਾਲਿਸੀ ਹਦਾਇਤਾਂ**

ਕਲਾਜ਼ ਨੰ: 7. ਹਰੇਕ ਸਟੋਰੇਜ ਕੇਦਰ ਦੇ ਟੈਂਡਰ ਏਜੰਸੀਵਾਈਜ਼ ਲਏ ਜਾਣਗੇ ਭਾਵ ਇੱਕ ਸਟੋਰੇਜ ਸੈਂਟਰ ਵਿੱਚ ਹਰ ਏਜੰਸੀ ਦੇ ਪੈਂਦੇ ਸਮੂਹ ਸਟੋਰੇਜ ਪੁਆਇੰਟਾਂ (ਓਪਨ ਪਲਿੰਥਾਂ ਅਤੇ ਕਵਰਡ ਗੁਦਾਮਾਂ) ਨੂੰ ਇੱਕ ਕਲੱਸਟਰ ਮੰਨਦੇ ਹੋਏ, ਏਜੰਸੀਵਾਈਜ਼ ਲੇਬਰ ਅਤੇ ਕਾਰਟੇਜ (0 ਤੋ 8ਕਿਲੋਮੀਟਰ ਤੱਕ ਦੀ ਢੋਆ-ਢੁਆਈ) ਦੇ ਇਕੱਠੇ ਟੈਂਡਰ ਲਏ ਜਾਣਗੇ। ਮੌਕੇ ਦੇ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਟੈਂਡਰ ਅਲਾਟਮੈਂਟ ਕਮੇਟੀ ਵੱਲੋ ਕੀਤੀ ਗਈ ਅਗੇਤੀ ਮੀਟਿੰਗ ਦੀ ਕਾਰਵਾਈ ਦੇ ਸਨਮੁੱਖ ਸਬੰਧਤ ਡਿਪਟੀ ਡਾਇਰੈਕਟਰ (ਫੀਲਡ) ਦੀ ਪ੍ਰਵਾਨਗੀ ਉਪਰੰਤ ਲੇਬਰ ਅਤੇ ਕਾਰਟੇਜ਼ ਦੇ ਕੰਮ ਲਈ ਵੱਖਰੇ ਵੱਖਰੇ ਟੈਂਡਰ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਜਿਹੜੇ-ਜਿਹੜੇ ਸਟੋਰੇਜ ਕੇਦਰਾਂ ਲਈ ਲੇਬਰ ਅਤੇ ਕਾਰਟੇਜ ਦੇ ਟੈਂਡਰ ਵੱਖਰੇ-ਵੱਖਰੇ ਲਏ ਜਾਣਗੇ ਉਹਨਾਂ ਕੇਦਰਾਂ ਵਿੱਚ ਕਾਰਟੇਜ ਦੇ ਟੈਂਡਰ ਲਈ ਸਬੰਧਤ ਸਟੋਰੇਜ ਕੇਦਰ ਨੂੰ ਇਕ ਕਲਸਟਰ ਮੰਨਦੇ ਹੋਏ ਢੋਆ-ਢੁਆਈ ਪਾਲਿਸੀ ਤਹਿਤ ਜਾਰੀ ਕੀਤੀਆਂ ਸ਼ਰਤਾਂ ਲਾਗੂ ਹੋਣਗੀਆਂ।ਮੰਗੇ ਜਾਣ ਵਾਲੇ ਸਾਰੇ ਟੈਂਡਰਾਂ ਦਾ ਵੇਰਵਾ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਵਿਭਾਗ ਦੇ ਦਫਤਰ ਦੇ ਨੋਟਿਸ ਬੋਰਡ ਅਤੇ ਵਿਭਾਗ ਦੀ ਵੈਬਸਾਈਟ www.foodsuppb.nic.inਤੇ ਡਿਸਪਲੇਅ ਕੀਤਾ ਜਾਵੇਗਾ।

ਪੰਨਾ ਪਰਤੋ-------

**ਕਲਾਜ਼ ਨੰ: 12 ਭਾਗ (ੳ)** ਬਿਆਨਾ ਅਤੇ ਜਮਾਨਤੀ ਰਕਮਾਂ ਸਟੋਰੇਜ ਕੇਂਦਰਾਂ ਅਤੇ ਪੀ.ਈ.ਜੀ. ਗੁਦਾਮਾਂ ਦੀ ਸਟੋਰੇਜ ਕਪੈਸਟੀ ਦੇ ਆਧਾਰ ਤੇ ਕਲਾਜ ਨੰਬਰ-15 ਅਨੁਸਾਰ ਨਿਸ਼ਚਿਤ ਕੀਤੀਆ ਜਾਣਗੀਆਂ।

**ਕਲਾਜ਼ ਨੰ: 26** ਠੇਕੇਦਾਰ ਨੂੰ ਈ.ਪੀ.ਐਫ. ਨੰਬਰ ਅਤੇ ਪੈਨ ਨੰਬਰ ਟੈਕਨੀਕਲ ਬਿੱਡ ਵਿਚ ਯੋਗ ਹੋਣ ਲਈ ਅਪਲੋਡ ਕਰਨੇ ਲਾਜਮੀ ਹੋਣਗੇ। ਜਿਹੜੇ ਟੈਂਡਰਕਾਰ ਟੈਕਨੀਕਲ ਬਿੱਡ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ ਕੇਵਲ ਉਨ੍ਹਾਂ ਦੀ ਹੀ ਫਾਈਨੈਂਸੀਅਲ ਬਿੱਡ ਖੋਲ੍ਹੀ ਜਾਵੇਗੀ।

23/3/2017

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/**150/1** ਮਿਤੀ,ਚੰਡੀਗੜ੍ਹ: 23.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1- ਰੀਜਨਲ ਮੈਨੇਜਰ, ਐਫ.ਸੀ.ਆਈ., ਸੈਕਟਰ-31,ਚੰਡੀਗੜ੍ਹ।
2- ਮੈਨੇਜਿੰਗ ਡਾਇਰੈਕਟਰ, ਪਨਗਰੇਨ, ਮਾਰਕਫੈਡ, ਪਨਸਪ,ਵੇਅਰਹਾਊਸ ਅਤੇ ਪੰਜਾਬ ਐਗਰੋ।
2- ਸਮੂਹ ਡਿਪਟੀ ਡਾਇਰੈਕਟਰ(ਫੀਲਡ), ਖੁਰਾਕ ਤੇ ਸਪਲਾਈਜ਼ ਵਿਭਾਗ, ਪੰਜਾਬ ਰਾਜ ।
3- ਸਮੂਹ ਜਿਲਾ ਕੰਟਰੋਲਰ, ਖੁਰਾਕ ਤੇ ਸਪਲਾਈਜ਼, ਪੰਜਾਬ ਰਾਜ।

23/3/2017

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/ **150/2** ਮਿਤੀ,ਚੰਡੀਗੜ੍ਹ: 23.03.2017
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਓ.ਐਸ.ਡੀ./ਮਾਨਯੋਗ ਮੁੱਖ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।
3. ਪੀ.ਏ./ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।

23/03/2017

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/**150/3** ਮਿਤੀ,ਚੰਡੀਗੜ੍ਹ: 23.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।
2. ਡਿਪਟੀ ਡਾਇਰੈਕਟਰ, ਕੰਪਿਊਟਰ ਸ਼ਾਖਾ, ਮੁੱਖ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਪਾਲਿਸੀ ਹਦਾਇਤਾਂ ਦੇ ਸੋਧ ਪੱਤਰ ਨੂੰ ਵਿਭਾਗ ਦੀ ਵੈਬਸਾਇਟ ਤੇ ਤੁਰੰਤ ਅਪਲੋਡ ਕੀਤਾ ਜਾਵੇ।

23/03/2017

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।